ਮਿੱਠੇ ਬੱਚੇ:- "ਮਿੱਠੇ ਬੱਚੇ :- "ਮਿੱਠੇ ਬੱਚੇ :- ਪਾਪਾਂ ਤੋਂ ਹਲਕਾ ਹੋਣ ਦੇ ਲਈ ਵਫ਼ਾਦਾਰ, ਆਨੇਸਟ ਬਣ ਆਪਣੀ ਕਰਮ ਕਹਾਣੀ ਬਾਪ ਨੂੰ ਲਿਖਕੇ ਦੇਵੋ ਤਾਂ ਸ਼ਮਾਂ ( ਮਾਫ਼ੀ ) ਹੋ ਜਾਵੇਗੀ।"

ਪ੍ਰਸ਼ਨ:- ਸੰਗਮਯੁਗ ਤੇ ਤੁਸੀਂ ਬੱਚੇ ਕਿਹੜਾ ਬੀਜ ਨਹੀ ਬੋ ਸਕਦੇ ਹੋ?

ਉੱਤਰ:- ਦੇਹ - ਅਭਿਮਾਨ ਦਾ। ਇਸ ਬੀਜ ਨਾਲ ਸਭ ਵਿਕਾਰਾਂ ਦੇ ਝਾੜ ਨਿਕਲ ਆਉਂਦੇ ਹਨ। ਇਸ ਵਕਤ ਸਾਰੀ ਦੁਨੀਆਂ ਵਿੱਚ 5 ਵਿਕਾਰਾਂ ਦੇ ਝਾੜ ਨਿਕਲੇ ਹੋਏ ਹਨ। ਸਭ ਕਾਮ ਕ੍ਰੋਧ ਦੇ ਬੀਜ ਬੋਉਂਦੇ ਰਹਿੰਦੇ ਹਨ। ਤੁਹਾਨੂੰ ਬਾਪ ਦਾ ਡਾਇਰੈਕਸ਼ਨ ਹੈ ਬੱਚੇ ਯੋਗਬਲ ਨਾਲ ਪਾਵਨ ਬਣੋਂ। ਇਹ ਬੀਜ ਬੋਣਾ ਬੰਦ ਕਰੋ।

ਗੀਤ:- ਤੁਮੇ ਪਾਕੇ ਹਮਨੇ ਜਹਾਂ ਪਾ ਲਿਆ ਹੈ...

ਓਮ ਸ਼ਾਂਤੀ। ਮਿੱਠੇ - ਮਿੱਠੇ ਰੂਹਾਨੀ ਬੱਚਿਆਂ ਨੇ ਗੀਤ ਸੁਣਿਆ! ਹਾਲੇ ਤੇ ਘੱਟ ਹਨ, ਅਨੇਕਾਨੇਕ ਬੱਚੇ ਹੋ ਜਾਣਗੇ। ਇਸ ਸਮੇਂ ਥੋੜ੍ਹੇ ਪ੍ਰੈਕਟੀਕਲ ਵਿੱਚ ਬਣੇ ਹੋ ਫਿਰ ਵੀ ਇਸ ਪ੍ਰਜਾਪਿਤਾ ਬ੍ਰਹਮਾ ਨੂੰ ਜਾਣਦੇ ਤੇ ਸਭ ਹਨ ਨਾ। ਨਾਮ ਹੀ ਹੈ ਪ੍ਰਜਾਪਿਤਾ ਬ੍ਰਹਮਾ। ਕਿੰਨੀ ਢੇਰ ਪ੍ਰਜਾ ਹੈ। ਸਭ ਧਰਮਾਂ ਵਾਲੇ ਇਨ੍ਹਾਂਨੂੰ ਮੰਨਣਗੇ ਜਰੂਰ। ਉਨ੍ਹਾਂ ਦਵਾਰਾ ਹੀ ਮਨੁੱਖ ਮਾਤਰ ਦੀ ਰਚਨਾ ਹੋਈ ਹੈ ਨਾ। ਬਾਬਾ ਨੇ ਸਮਝਾਇਆ ਹੈ ਲੌਕਿਕ ਬਾਪ ਵੀ ਹੱਦ ਦੇ ਬ੍ਰਹਮਾ ਹਨ ਕਿਉਂਕਿ ਉਨ੍ਹਾਂ ਦਾ ਵੀ ਸਿਜਰਾ ਬਣਦਾ ਹੈ ਨਾ। ਸਰਨੇਮ ਨਾਲ ਸਿਜਰਾ ਚਲਦਾ ਹੈ। ਉਹ ਹੁੰਦੇ ਹਨ ਹੱਦ ਦੇ, ਇਹ ਹੈ ਬੇਹੱਦ ਦਾ ਬਾਪ। ਇਨ੍ਹਾਂ ਦਾ ਨਾਮ ਹੀ ਹੈ ਪ੍ਰਜਾਪਿਤਾ। ਉਹ ਲੌਕਿਕ ਬਾਪ ਤਾਂ ਲਿਮਿਟਡ ਪ੍ਰਜਾ ਰਚਦੇ ਹਨ। ਕਈ ਨਹੀਂ ਵੀ ਰਚਦੇ। ਇਵੇਂ ਕੋਈ ਕਹਿਣਗੇ ਕਿ ਪ੍ਰਜਾਪਿਤਾ ਬ੍ਰਹਮਾ ਦੀ ਸੰਤਾਨ ਨਹੀਂ ਹੈ? ਇਨ੍ਹਾ ਦੀ ਸੰਤਾਨ ਤੇ ਸਾਰੀ ਦੁਨੀਆਂ ਹੈ। ਪਹਿਲਾਂ - ਪਹਿਲਾਂ ਤਾਂ ਹੈ ਹੀ ਪ੍ਰਜਾਪਿਤਾ ਬ੍ਰਹਮਾ। ਮੁਸਲਮਾਨ ਵੀ ਆਦਮ ਬੀਵੀ ਜੋ ਕਹਿੰਦੇ ਹਨ ਸੋ ਜਰੂਰ ਕਿਸੇ ਨੂੰ ਤਾਂ ਕਹਿੰਦੇ ਹੋਣਗੇ ਨਾ। ਐਡਮ ਈਵ, ਆਦਿ ਦੇਵ, ਆਦਿ ਦੇਵੀ ਇਹ ਪ੍ਰਜਾਪਿਤਾ ਬ੍ਰਹਮਾ ਦੇ ਲਈ ਹੀ ਕਹਾਂਗੇ। ਜੋ ਵੀ ਧਰਮ ਵਾਲੇ ਹਨ ਸਭ ਇਨ੍ਹਾਂਨੂੰ ਮੰਨਣਗੇ। ਬਰੋਬਰ ਇੱਕ ਹੈ ਹੱਦ ਦਾ ਬਾਪ, ਦੂਸਰਾ ਹੈ ਬੇਹੱਦ ਦਾ। ਇਹ ਬੇਹੱਦ ਦਾ ਬਾਪ ਹੈ ਬੇਹੱਦ ਦਾ ਸੁਖ ਦੇਣ ਵਾਲਾ। ਤੁਸੀਂ ਪੁਰਸ਼ਾਰਥ ਵੀ ਕਰਦੇ ਹੋ ਬੇਹੱਦ ਸਵਰਗ ਦੇ ਸੁਖ ਦੇ ਲਈ। ਇੱਥੇ ਬੇਹੱਦ ਦੇ ਬਾਪ ਤੋਂ ਬੇਹੱਦ ਦੇ ਸੁਖ ਦਾ ਵਰਸਾ ਪਾਉਣ ਆਏ ਹੋ। ਸਵਰਗ ਵਿੱਚ ਬੇਹੱਦ ਦਾ ਸੁੱਖ, ਨਰਕ ਵਿੱਚ ਬੇਹੱਦ ਦਾ ਦੁੱਖ ਵੀ ਕਹਿ ਸਕਦੇ ਹਾਂ। ਦੁਖ ਵੀ ਬਹੁਤ ਆਉਣ ਵਾਲਾ ਹੈ। ਹਾਏ - ਹਾਏ ਕਰਦੇ ਰਹਿਣਗੇ। ਬਾਪ ਨੇ ਤੁਹਾਨੂੰ ਸਾਰੇ ਵਿਸ਼ਵ ਦੇ ਆਦਿ - ਮੱਧ - ਅੰਤ ਦਾ ਰਾਜ਼ ਸਮਝਾਇਆ ਹੈ। ਤੁਸੀਂ ਬੱਚੇ ਸਾਮ੍ਹਣੇ ਬੈਠੇ ਹੋ ਅਤੇ ਪੁਰਸ਼ਾਰਥ ਵੀ ਕਰਦੇ ਹੋ। ਇਹ ਤੇ ਮਾਤਾ - ਪਿਤਾ ਦੋਵੇਂ ਹੋਏ ਨਾ। ਇਨ੍ਹੇ ਢੇਰ ਬੱਚੇ ਹਨ। ਬੇਹੱਦ ਦੇ ਮਾਤਾ - ਪਿਤਾ ਨਾਲ ਕਦੇ ਕੋਈ ਦੁਸ਼ਮਣੀ ਰੱਖਣਗੇ ਨਹੀਂ। ਮਾਤਾ - ਪਿਤਾ ਤੋਂ ਕਿੰਨਾ ਸੁਖ ਮਿਲਦਾ ਹੈ। ਗਾਉਂਦੇ ਵੀ ਹਨ ਤੁਸੀਂ ਮਾਤ - ਪਿਤਾ... ਇਹ ਤਾਂ ਬੱਚੇ ਹੀ ਸਮਝਦੇ ਹਨ। ਦੂਜੇ ਧਰਮ ਵਾਲੇ ਸਾਰੇ ਫਾਦਰ ਨੂੰ ਹੀ ਬੁਲਾਉਂਦੇ ਹਨ। ਮਾਤਾ - ਪਿਤਾ ਨਹੀਂ ਕਹਾਂਗੇ। ਸਿਰ੍ਫ ਇੱਥੇ ਹੀ ਗਾਉਂਦੇ ਹਨ ਤੁਮ ਮਾਤ - ਪਿਤਾ ਹਮ... ਤੁਸੀਂ ਬੱਚੇ ਜਾਣਦੇ ਹੋ ਅਸੀਂ ਪੜ੍ਹਕੇ ਮਨੁੱਖ ਤੋਂ ਦੇਵਤਾ, ਕੰਡੇ ਤੋਂ ਫੁੱਲ ਬਣ ਰਹੇ ਹਾਂ। ਬਾਪ ਖਵਈਆ ਵੀ ਹੈ ਬਾਗਵਾਨ ਵੀ ਹੈ। ਬਾਕੀ ਤੁਸੀਂ ਬ੍ਰਾਹਮਣ ਸਭ ਅਨੇਕ ਤਰ੍ਹਾਂ ਦੇ ਮਾਲੀ ਹੋ। ਮੁਗਲ ਗਾਰਡਨ ਦਾ ਵੀ ਮਾਲੀ ਹੁੰਦਾ ਹੈ ਨਾ। ਉਨ੍ਹਾਂ ਦੀ ਤਨਖਾਹ ਕਿੰਨੀ ਚੰਗੀ ਹੁੰਦੀ ਹੈ। ਮਾਲੀ ਵੀ ਨੰਬਰਵਨ ਹਨ ਨਾ। ਕੋਈ - ਕੋਈ ਮਾਲੀ ਕਿੰਨੇ ਚੰਗੇ - ਚੰਗੇ ਫੁੱਲ ਬਣਾਉਂਦੇ ਹਨ। ਫੁੱਲ ਵਿੱਚ ਇੱਕ ਕਿੰਗ ਆਫ ਫਲਾਵਰ ਵੀ ਹੁੰਦਾ ਹੈ। ਸਤਿਯੁਗ ਵਿੱਚ ਕਿੰਗ ਕਵੀਨ ਫਲਾਵਰ ਵੀ ਹੈ ਨਾ। ਇੱਥੇ ਭਾਵੇਂ ਮਹਾਰਾਜਾ - ਮਹਾਰਾਣੀ ਹੈ ਪਰ ਫਲਾਵਰਜ ਨਹੀਂ ਹਨ। ਪਤਿਤ ਬਣਨ ਨਾਲ ਕੰਡੇ ਬਣ ਜਾਂਦੇ ਹਨ। ਰਾਹ ਚਲਦੇ - ਚਲਦੇ ਕੰਡਾ ਲਗਾਕੇ ਭੱਜ ਜਾਂਦੇ ਹਨ। ਅਜਾਮਿਲ ਵੀ ਉਨ੍ਹਾਂਨੂੰ ਕਿਹਾ ਜਾਂਦਾ ਹੈ। ਸਭ ਤੋਂ ਜ਼ਿਆਦਾ ਭਗਤੀ ਵੀ ਤੁਸੀਂ ਕਰਦੇ ਹੋ। ਵਾਮ ਮਾਰਗ ਵਿੱਚ ਡਿੱਗਣ ਵਾਲੇ ਚਿੱਤਰ ਵੇਖੋ ਕਿੰਨੇਂ ਗੰਦੇ - ਗੰਦੇ ਬਣਾਏ ਹੋਏ ਹਨ। ਦੇਵਤਾਵਾਂ ਦੇ ਹੀ ਚਿੱਤਰ ਦਿੱਤੇ ਹਨ। ਹੁਣ ਉਹ ਹਨ ਵਾਮ ਮਾਰਗ ਦੇ ਚਿੱਤਰ। ਹੁਣ ਤੁਸੀਂ ਬੱਚਿਆਂ ਨੇ ਇਹ ਗੱਲਾਂ ਸਮਝ ਲਈਆਂ ਹਨ। ਤੁਸੀਂ ਹੁਣ ਬ੍ਰਾਹਮਣ ਬਣੇ ਹੋ। ਅਸੀਂ ਵਿਕਾਰਾਂ ਤੋਂ ਬਹੁਤ ਦੂਰ - ਦੂਰ ਜਾਂਦੇ ਹਾਂ। ਬ੍ਰਾਹਮਣਾਂ ਵਿੱਚ ਭਾਈ - ਭੈਣ ਦੇ ਨਾਲ ਵਿਕਾਰ ਵਿੱਚ ਜਾਣਾ - ਇਹ ਤੇ ਬਹੁਤ ਵੱਡਾ ਕ੍ਰਿਮੀਨਲ ਅਸਾਲਟ ਹੋ ਜਾਵੇ। ਨਾਮ ਹੀ ਖ਼ਰਾਬ ਜੋ ਜਾਂਦਾ ਹੈ, ਇਸਲਈ ਛੋਟੇਪਨ ਤੋਂ ਹੀ ਕੁਝ ਖਰਾਬ ਕੰਮ ਕੀਤਾ ਹੈ ਤਾਂ ਉਹ ਵੀ ਬਾਬਾ ਨੂੰ ਸੁਣਾਉਂਦੇ ਹਨ ਤਾਂ ਅੱਧਾ ਮਾਫ ਹੋ ਜਾਂਦਾ ਹੈ। ਯਾਦ ਤੇ ਰਹਿੰਦਾ ਹੈ ਨਾ। ਫਲਾਣੇ ਵਕ਼ਤ ਇਹ ਅਸੀਂ ਗੰਦਾ ਕੰਮ ਕੀਤਾ ਹੈ। ਬਾਬਾ ਨੂੰ ਲਿਖਕੇ ਦਿੰਦੇ ਹਨ। ਜੋ ਬਹੁਤ ਵਫ਼ਾਦਾਰ ਆਨੈਸ੍ਰ ਹੁੰਦਾ ਹੈ ਉਹ ਬਾਬਾ ਨੂੰ ਲਿਖਦੇ ਹਨ - ਬਾਬਾ ਅਸੀਂ ਇਹ - ਇਹ ਗੰਦਾ ਕੰਮ ਕੀਤਾ। ਮਾਫ ਕਰੋ। ਬਾਪ ਕਹਿੰਦੇ ਹਨ ਮਾਫ ਤੇ ਹੁੰਦਾ ਨਹੀਂ, ਬਾਕੀ ਸੱਚ ਦੱਸਦੇ ਹੋ ਤਾਂ ਉਹ ਹਲਕਾ ਹੋ ਜਾਵੇਗਾ। ਇਵੇਂ ਨਹੀਂ, ਭੁੱਲ ਜਾਂਦਾ ਹੈ। ਭੁੱਲ ਨਹੀਂ ਸਕਦਾ। ਅੱਗੋਂ ਫਿਰ ਕੋਈ ਅਜਿਹਾ ਕੰਮ ਨਾ ਹੋਵੇ ਉਸਦੇ ਲਈ ਖਬਰਦਾਰ ਕਰਦਾ ਹਾਂ। ਬਾਕੀ ਦਿਲ ਖਾਂਦੀ ਜਰੂਰ ਹੈ। ਕਹਿੰਦੇ ਹਨ ਬਾਬਾ ਅਸੀਂ ਤਾਂ ਅਜਾਮਿਲ ਸੀ। ਇਸ ਜਨਮ ਦੀ ਹੀ ਗੱਲ ਹੈ। ਇਹ ਵੀ ਹੁਣ ਤੁਸੀਂ ਜਾਣਦੇ ਹੋ। ਕਦੋਂ ਤੋਂ ਵਾਮਮਾਰਗ ਵਿੱਚ ਆਕੇ ਪਾਪ ਆਤਮਾ ਬਣੇ ਹੋ? ਹੁਣ ਬਾਪ ਫਿਰ ਸਾਨੂੰ ਪੁੰਨ ਆਤਮਾ ਬਣਾਉਂਦੇ ਹਨ। ਪੁੰਨ ਆਤਮਾਵਾਂ ਦੀ ਦੁਨੀਆਂ ਹੀ ਵੱਖ ਹੈ। ਭਾਵੇਂ ਦੁਨੀਆਂ ਇੱਕ ਹੀ ਹੈ ਪਰੰਤੂ ਸਮਝ ਗਏ ਹੋ ਨਾ ਦੋ ਭਾਗ ਵਿੱਚ ਹੈ। ਇੱਕ ਹੈ ਪੁੰਨ ਆਤਮਾਵਾਂ ਦੀ ਦੁਨੀਆਂ ਜਿਸ ਨੂੰ ਸਵਰਗ ਕਿਹਾ ਜਾਂਦਾ ਹੈ। ਦੂਸਰੀ ਹੈ ਪਾਪ ਆਤਮਾਵਾਂ ਦੀ ਦੁਨੀਆਂ ਜਿਸਨੂੰ ਨਰਕ ਦੁਖਧਾਮ ਕਿਹਾ ਜਾਂਦਾ ਹੈ। ਸੁਖ ਦੀ ਦੁਨੀਆਂ ਅਤੇ ਦੁਖ ਦੀ ਦੁਨੀਆਂ। ਦੁਖ ਦੀ ਦੁਨੀਆਂ ਵਿੱਚ ਸਭ ਚਿਲਾਉਂਦੇ ਰਹਿੰਦੇ ਹਨ ਸਾਨੂੰ ਲਿਬਰੇਟ ਕਰੋ,

ਆਪਣੇ ਘਰ ਲੈ ਜਾਵੋ। ਇਹ ਵੀ ਬੱਚੇ ਸਮਝਦੇ ਹਨ ਕਿ ਘਰ ਵਿੱਚ ਜਾਕੇ ਬੈਠਣਾ ਨਹੀਂ ਹੈ, ਫਿਰ ਪਾਰ੍ਹ ਵਜਾਉਣ ਆਉਣਾ ਹੈ। ਇਸ ਸਮੇਂ ਸਾਰੀ ਦੁਨੀਆਂ ਪਤਿਤ ਹੈ। ਹੁਣ ਬਾਪ ਦਵਾਰਾ ਤੁਸੀਂ ਪਾਵਨ ਬਣ ਰਹੇ ਹੋ। ਏਮ ਆਬਜੈਕਟ ਸਾਮ੍ਹਣੇ ਖੜ੍ਹੀ ਹੈ। ਹੋਰ ਕੋਈ ਵੀ ਇਹ ਏਮ ਆਬਜੈਕਟ ਨਹੀਂ ਵਿਖਾਉਣਗੇ ਕਿ ਅਸੀਂ ਇਹ ਬਣ ਰਹੇ ਹਾਂ। ਬਾਪ ਕਹਿੰਦੇ ਹਨ ਬੱਚੇ ਤੁਸੀਂ ਇਹ ਸੀ, ਹੁਣ ਨਹੀਂ ਹੋ। ਪੂਜੀਏ ਸੀ ਹੁਣ ਪੁਜਾਰੀ ਬਣ ਗਏ ਹੋ ਫਿਰ ਪੂਜੀਏ ਬਣਨ ਦੇ ਲਈ ਪੁਰਸ਼ਾਰਥ ਚਾਹੀਦਾ ਹੈ। ਬਾਪ ਕਿੰਨਾ ਚੰਗਾ ਪੁਰਸ਼ਾਰਥ ਕਰਵਾਉਂਦੇ ਹਨ। ਇਹ ਬਾਬਾ ਸਮਝਦੇ ਹਨ ਨਾ। ਮੈਂ ਪ੍ਰਿੰਸ ਬਣਾਂਗਾ। ਨੰਬਰਵਨ ਵਿੱਚ ਹੈ ਇਹ, ਫਿਰ ਵੀ ਹਰ ਵਕਤ ਯਾਦ ਨਹੀਂ ਠਹਿਰਦੀ ਹੈ। ਭੁੱਲ ਜਾਂਦੇ ਹਨ। ਕਿੰਨਾ ਵੀ ਕੋਈ ਮਿਹਨਤ ਕਰੇ ਪਰ ਉਹ ਅਵਸਥਾ ਹੋਵੇਗੀ ਨਹੀਂ। ਕਰਮਾਤੀਤ ਅਵਸਥਾ ਉਦੋਂ ਹੋਵੇਗੀ ਜਦੋਂ ਲੜ੍ਹਾਈ ਦਾ ਵਕਤ ਹੋਵੇਗਾ। ਪੁਰਸ਼ਾਰਥ ਤਾਂ ਸਭ ਨੂੰ ਕਰਨਾ ਹੈ ਨਾ। ਇਨ੍ਹਾਂਨੂੰ ਵੀ ਕਰਨਾ ਹੈ। ਤੁਸੀਂ ਸਮਝਦੇ ਵੀ ਹੋ ਚਿੱਤਰ ਵਿੱਚ ਵੇਖੋ ਬਾਬਾ ਦਾ ਚਿੱਤਰ ਕਿੱਥੇ ਹੈ? ਇੱਕਦਮ ਝਾੜ ਦੇ ਪਿਛਾੜੀ ਖੜ੍ਹਾ ਹੈ, ਪਤਿਤ ਦੁਨੀਆਂ ਵਿੱਚ ਅਤੇ ਹੇਠਾਂ ਫਿਰ ਤਪੱਸਿਆ ਕਰ ਰਹੇ ਹਨ। ਕਿੰਨਾ ਸਹਿਜ ਸਮਝਾਇਆ ਜਾਂਦਾ ਹੈ। ਇਹ ਸਭ ਗੱਲਾਂ ਬਾਪ ਨੇ ਹੀ ਸਮਝਾਈਆਂ ਹਨ। ਇਹ ਵੀ ਨਹੀਂ ਜਾਣਦੇ ਸਨ। ਬਾਪ ਹੀ ਨਾਲੇਜਫੁਲ ਹਨ ਉਨ੍ਹਾਂਨੂੰ ਹੀ ਸਭ ਯਾਦ ਕਰਦੇ ਹਨ - ਹੇ ਪਰਮਪਿਤਾ ਪ੍ਰਮਾਤਮਾ ਆਕੇ ਸਾਡੇ ਦੁਖ ਹਰੋ। ਬ੍ਰਹਮਾ - ਵਿਸ਼ਨੂੰ - ਸ਼ੰਕਰ ਤਾਂ ਦੇਵਤੇ ਹਨ। ਮੂਲਵਤਨ ਵਿੱਚ ਰਹਿਣ ਵਾਲੀਆਂ ਆਤਮਾਵਾਂ ਨੂੰ ਦੇਵਤਾ ਥੋੜ੍ਹੀ ਨਾ ਕਿਹਾ ਜਾਂਦਾ ਹੈ। ਬ੍ਰਹਮਾ - ਵਿਸ਼ਨੂੰ - ਸ਼ੰਕਰ ਦਾ ਵੀ ਰਾਜ਼ ਬਾਪ ਨੇ ਸਮਝਾਇਆ ਹੈ। ਬ੍ਰਹਮਾ, ਲਕਸ਼ਮੀ - ਨਾਰਾਇਣ ਇਹ ਤਾਂ ਸਭ ਇੱਥੇ ਹੀ ਹਨ ਨਾ। ਸੁਖਸ਼ਮਵਤਨ ਦਾ ਸਿਰ੍ਫ ਤੁਸੀਂ ਬੱਚਿਆਂ ਨੂੰ ਸ਼ਾਖਸ਼ਤਕਾਰ ਹੁੰਦਾ ਹੈ। ਇਹ ਬਾਬਾ ਵੀ ਫਰਿਸ਼ਤਾ ਬਣ ਜਾਂਦੇ ਹਨ। ਇਹ ਤਾਂ ਬੱਚੇ ਜਾਣਦੇ ਹਨ ਜੋ ਪੌੜ੍ਹੀ ਦੇ ਉਪਰ ਵਿੱਚ ਖੜ੍ਹਾ ਹੈ ਉਹ ਹੀ ਫਿਰ ਹੇਠਾਂ ਤਪੱਸਿਆ ਕਰ ਰਹੇ ਹਨ। ਚਿੱਤਰ ਵਿੱਚ ਬਿਲਕੁਲ ਕਲੀਅਰ ਵਿਖਾਇਆ ਹੈ। ਉਹ ਆਪਣੇ ਨੂੰ ਭਗਵਾਨ ਕਿੱਥੇ ਕਹਾਉਂਦੇ ਹਨ। ਇਹ ਤਾਂ ਕਹਿੰਦੇ ਹਨ ਅਸੀਂ ਵਰਥ ਨਾਟ ਏ ਪੈਨੀ ਸੀ, ਤੱਤਵਮ। ਹੁਣ ਵਰਥ ਪਾਉਂਡ ਬਣ ਰਹੇ ਹੋ ਤੱਤਵਮ। ਕਿੰਨੀਆਂ ਸਹਿਜ ਸਮਝਣ ਦੀਆਂ ਗੱਲਾਂ ਹਨ। ਕਦੇ ਕੋਈ ਬੋਲੇ ਤਾਂ ਕਹੋ ਵੇਖੋ ਇਹ ਤਾਂ ਕਲਯੁਗ ਦੇ ਅੰਤ ਵਿੱਚ ਖੜ੍ਹਾ ਹੈ ਨਾ। ਬਾਪ ਕਹਿੰਦੇ ਹਨ ਜਦੋਂ ਜੜ੍ਹਜੜ੍ਹੀ ਭੂਤ ਅਵਸਥਾ, ਵਾਨਪ੍ਰਸਥ ਅਵਸਥਾ ਹੁੰਦੀ ਹੈ ਉਦੋਂ ਮੈਂ ਇਨ੍ਹਾਂ ਵਿੱਚ ਪ੍ਰਵੇਸ਼ ਕਰਦਾ ਹਾਂ। ਹੁਣ ਰਾਜਯੋਗ ਦੀ ਤੱਪਸਿਆ ਕਰ ਰਹੇ ਹਨ। ਤੱਪਸਿਆ ਕਰਨ ਵਾਲੇ ਨੂੰ ਦੇਵਤਾ ਕਿਵੇਂ ਕਹਾਂਗੇ? ਰਾਜਯੋਗ ਸਿੱਖ ਕੇ ਇਹ ਬਣਾਂਗੇ। ਤੁਸੀਂ ਬੱਚਿਆਂ ਨੂੰ ਵੀ ਅਜਿਹਾ ਤਾਜ ਵਾਲਾ ਬਣਾਉਂਦੇ ਹਨ ਨਾ। ਇਹ ਸੋ ਦੇਵਤਾ ਬਣਦੇ ਹਨ। ਇਵੇਂ ਤਾਂ 10 - 20 ਬੱਚਿਆਂ ਦੇ ਚਿੱਤਰ ਵੀ ਰੱਖ ਸਕਦੇ ਹਨ। ਵਿਖਾਉਣ ਦੇ ਲਈ ਕਿ ਇਹ ਬਣਦੇ ਹਾਂ। ਪਹਿਲੋਂ ਸਭ ਦੇ ਅਜਿਹੇ ਫੋਟੋ ਨਿਕਲੇ ਹੋਏ ਹਨ। ਇਹ ਸਮਝਣ ਦੀ ਗੱਲ ਹੈ ਨਾ। ਇੱਕ ਪਾਸੇ ਸਧਾਰਨ, ਦੂਜੇ ਪਾਸੇ ਡਬਲ ਸਿਰਤਾਜ। ਤੁਸੀਂ ਸਮਝਦੇ ਹੋ ਅਸੀਂ ਇਹ ਬਣ ਰਹੇ ਹਾਂ। ਬਣਨਗੇ ਉਹ ਜਿੰਨਾਂ ਦੀ ਲਾਈਨ ਕਲੀਅਰ ਹੋਵੇਗੀ ਅਤੇ ਬਹੁਤ ਮਿੱਠਾ ਵੀ ਬਣਨਾ ਹੈ। ਇਸ ਵਕਤ ਮਨੁੱਖਾਂ ਵਿੱਚ ਕਾਮ, ਕ੍ਰੋਧ ਆਦਿ ਦਾ ਬੀਜ ਕਿੰਨਾ ਹੋ ਗਿਆ ਹੈ। ਸਭ ਵਿੱਚ 5 ਵਿਕਾਰ ਰੂਪੀ ਬੀਜ ਦੇ ਝਾੜ ਨਿਕਲ ਪਏ ਹਨ। ਹੁਣ ਬਾਪ ਕਹਿੰਦੇ ਹਨ ਅਜਿਹਾ ਬੀਜ ਨਹੀਂ ਬੋਣਾ ਹੈ। ਸੰਗਮਯੁਗ ਤੇ ਤੁਹਾਨੂੰ ਦੇਹ - ਅਭਿਮਾਨ ਦਾ ਬੀਜ ਨਹੀਂ ਬੋਣਾ ਹੈ। ਕਾਮ ਦਾ ਬੀਜ ਨਹੀਂ ਬੋਣਾ ਹੈ। ਅਧਾਕਲਪ ਦੇ ਲਈ ਫਿਰ ਰਾਵਣ ਹੀ ਨਹੀਂ ਰਹੇਗਾ। ਹਰ ਇੱਕ ਗੱਲ ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਮੁੱਖ ਤਾਂ ਇੱਕ ਹੀ ਗੱਲ ਹੈ ਮਨਮਨਾਭਵ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ। ਸਭ ਤੋਂ ਪਿਛਾੜੀ ਵਿੱਚ ਇਹ ਹੈ, ਫਿਰ ਸਭ ਤੋਂ ਪਹਿਲਾਂ ਵੀ ਇਹ ਹੈ। ਯੋਗਬਲ ਨਾਲ ਕਿੰਨਾ ਪਾਵਨ ਬਣਦੇ ਹਨ। ਸ਼ੁਰੂ ਵਿੱਚ ਤਾਂ ਬੱਚਿਆਂ ਨੂੰ ਬਹੁਤ ਸ਼ਾਖਸ਼ਤਕਾਰ ਹੁੰਦੇ ਸਨ। ਭਗਤੀਮਾਰਗ ਵਿੱਚ ਜਦੋਂ ਨੌਧਾ ਭਗਤੀ ਕਰਦੇ ਹਨ ਤਾਂ ਸ਼ਾਖਸ਼ਤਕਾਰ ਹੁੰਦਾ ਹੈ। ਇੱਥੇ ਤਾਂ ਇਹ ਬੈਠੇ - ਬੈਠੇ ਧਿਆਨ ਵਿੱਚ ਚਲੇ ਜਾਂਦੇ ਸਨ, ਇਸ ਨੂੰ ਜਾਦੂ ਸਮਝਦੇ ਸਨ। ਇਹ ਤਾਂ ਫ਼ਸਟਕਲਾਸ ਜਾਦੂ ਹੈ। ਮੀਰਾ ਨੇ ਤਾਂ ਬਹੁਤ ਤਪੱਸਿਆ ਕੀਤੀ, ਸਾਧੂ ਸੰਤ ਆਦਿ ਦਾ ਸੰਗ ਕੀਤਾ। ਇੱਥੇ ਸਾਧੂ ਆਦਿ ਕਿੱਥੇ ਹਨ। ਇਹ ਤਾਂ ਬਾਪ ਹੈ ਨਾ। ਸਭਦਾ ਬਾਪ ਹੈ ਸ਼ਿਵਬਾਬਾ। ਕਹਿੰਦੇ ਹਨ ਗੁਰੂ ਜੀ ਨੂੰ ਮਿਲੇ। ਇੱਥੇ ਤਾਂ ਗੁਰੂ ਹੈ ਨਹੀਂ। ਸ਼ਿਵਬਾਬਾ ਤਾਂ ਹੈ ਨਿਰਾਕਾਰ ਫਿਰ ਕਿਸਨੂੰ ਮਿਲਣਾ ਚਾਹੁੰਦੇ ਹੋ? ਉਨ੍ਹਾਂ ਗੁਰੂਆਂ ਦੇ ਕੋਲ ਤੇ ਜਾਕੇ ਭੇਟਾ ਰੱਖਦੇ ਹਨ। ਇਹ ਤਾਂ ਬਾਪ ਬੇਹੱਦ ਦਾ ਮਾਲਿਕ ਹੈ। ਇੱਥੇ ਭੇਟਾ ਆਦਿ ਚੜ੍ਹਾਉਣ ਦੀ ਗੱਲ ਨਹੀ। ਇਹ ਪੈਸਾ ਕੀ ਕਰਨਗੇ? ਇਹ ਬ੍ਰਹਮਾ ਵੀ ਸਮਝਦੇ ਹਨ ਅਸੀਂ ਵਿਸ਼ਵ ਦੇ ਮਾਲਿਕ ਬਣਦੇ ਹਾਂ। ਬੱਚੇ ਜੋ ਕੁਝ ਪੈਸਾ ਆਦਿ ਦਿੰਦੇ ਹਨ ਤਾਂ ਉਨ੍ਹਾਂ ਦੇ ਲਈ ਹੀ ਮਕਾਨ ਆਦਿ ਬਣਵਾ ਦਿੰਦੇ ਹਨ। ਪੈਸੇ ਤੇ ਨਾ ਸ਼ਿਵਬਾਬਾ ਦੇ ਕੰਮ ਦੇ ਹਨ, ਨਾ ਬ੍ਰਹਮਾ ਬਾਬਾ ਦੇ ਕੰਮ ਦੇ ਹਨ। ਇਹ ਮਕਾਨ ਆਦਿ ਬਣਾਇਆ ਹੀ ਹੈ ਬੱਚਿਆਂ ਦੇ ਲਈ, ਬੱਚੇ ਹੀ ਆਕੇ ਰਹਿੰਦੇ ਹਨ। ਕੋਈ ਗਰੀਬ ਹੈ, ਕੋਈ ਸ਼ਾਹੂਕਾਰ ਹਨ, ਕਈ ਤਾਂ 2 ਰੁਪਏ ਵੀ ਭੇਜ ਦਿੰਦੇ ਹਨ - ਬਾਬਾ ਸਾਡੀ ਇੱਕ ਇੱਟ ਲਗਵਾ ਦੋ। ਕੋਈ ਹਜ਼ਾਰ ਭੇਜ ਦਿੰਦੇ ਹਨ। ਭਾਵਨਾ ਤਾਂ ਦੋਵਾਂ ਦੀ ਇੱਕ ਹੈ ਨਾ। ਤਾਂ ਦੋਵਾਂ ਦਾ ਇਕਵਲ (ਇਕੋ ਜਿਹਾ ) ਬਣ ਜਾਂਦਾ ਹੈ। ਫਿਰ ਬੱਚੇ ਆਉਂਦੇ ਹਨ ਜਿੱਥੇ ਚਾਹੁਣ ਰਹਿਣ। ਜਿਸਨੇ ਮਕਾਨ ਬਣਵਾਇਆ ਹੈ ਉਹ ਜੇਕਰ ਆਉਂਦੇ ਹਨ ਤਾਂ ਉਨ੍ਹਾਂਨੂੰ ਜਰੂਰ ਸੁਖ ਨਾਲ ਰਹਾਵਾਂਗੇ। ਕਈ ਫਿਰ ਕਹਿ ਦਿੰਦੇ ਹਨ ਬਾਬਾ ਦੇ ਕੋਲ ਵੀ ਖ਼ਾਤਰੀ ਹੁੰਦੀ ਹੈ। ਅਰੇ ਉਹ ਤਾਂ ਜਰੂਰ ਕਰਨੀ ਪਵੇਗੀ ਨਾ। ਕੋਈ ਕਿਵੇਂ ਦੇ ਹਨ, ਕਈ ਤਾਂ ਕਿੱਥੇ ਵੀ ਬੈਠ ਜਾਂਦੇ ਹਨ। ਕਈ ਬਹੁਤ ਨਾਜ਼ੁਕ ਹੁੰਦੇ ਹਨ, ਵਿਲਾਇਤ ਵਿੱਚ ਰਹਿਣ ਵਾਲੇ, ਵੱਡੇ - ਵੱਡੇ ਮਹਿਲਾਂ ਵਿੱਚ ਰਹਿਣ ਵਾਲੇ ਹੁੰਦੇ ਹਨ, ਹਰ ਇੱਕ ਨੇਸ਼ਨ ਵਿੱਚ ਵੱਡੇ - ਵੱਡੇ ਸ਼ਾਹੂਕਾਰ ਨਿਕਲਦੇ ਹਨ ਤਾਂ ਮਕਾਨ ਆਦਿ ਅਜਿਹੇ ਬਣਾਉਂਦੇ ਹਨ। ਇੱਥੇ ਤਾਂ ਵੇਖੋ ਕਿੰਨੇਂ ਢੇਰ ਬੱਚੇ ਆਉਂਦੇ ਹਨ। ਹੋਰ ਕਿਸੇ ਬਾਪ ਨੂੰ ਅਜਿਹੇ ਖਿਆਲਾਤ ਥੋੜ੍ਹੀ ਨਾ ਹੋਣਗੇ। ਕਰਕੇ 10 - 12 - 20 ਪੋਤਰੇ - ਪੋਤਰਿਆਂ ਹੋਣ। ਅੱਛਾ, ਕਿਸੇ ਦੇ 200 - 500 ਵੀ ਹੋਣ ਇਸ ਤੋਂ ਜ਼ਿਆਦਾ ਤਾਂ ਨਹੀਂ ਹੋਣਗੇ। ਇਸ ਬਾਬਾ ਦੀ ਫੈਮਲੀ ਤਾਂ ਕਿੰਨੀ ਵੱਡੀ ਹੈ, ਹੋਰ ਵੀ ਵਾਧੇ ਨੂੰ ਪਾਵੇਗੀ। ਇਹ ਤਾਂ ਰਾਜਧਾਨੀ ਸਥਾਪਨ ਹੋ ਰਹੀ ਹੈ। ਬਾਪ ਦੀ ਫੈਮਲੀ ਕਿੰਨੀ ਬਣੇਗੀ। ਫਿਰ ਪ੍ਰਜਾਪਿਤਾ ਬ੍ਰਹਮਾ ਦੀ ਫੈਮਲੀ ਕਿੰਨੀ ਹੋ ਗਈ। ਕਲਪ - ਕਲਪ ਜਦੋਂ ਆਉਂਦੇ ਹਨ ਤਾਂ ਹੀ ਵੰਡਰਫੁਲ ਗੱਲਾਂ ਤੁਹਾਡੇ ਕੰਨਾਂ ਵਿੱਚ ਪੈਂਦੀਆਂ ਹਨ। ਬਾਪ ਦੇ ਲਈ ਹੀ ਕਹਿੰਦੇ ਹੋ ਨਾ - ਹੇ ਪ੍ਰਭੂ ਤੁਹਾਡੀ ਗਤ - ਮਤ ਸਭ ਤੋਂ ਨਿਆਰੀ ਸ਼ੁਰੂ ਹੁੰਦੀ ਹੈ। ਭਗਤੀ ਅਤੇ ਗਿਆਨ

ਵਿੱਚ ਫਰਕ ਵੇਖੋ ਕਿੰਨਾਂ ਹੈ।

ਬਾਪ ਤੁਹਾਨੂੰ ਸਮਝਾਉਂਦੇ ਹਨ - ਸਵਰਗ ਵਿੱਚ ਜਾਣਾ ਹੈ ਤਾਂ ਦੈਵੀਗੁਣ ਵੀ ਧਾਰਨ ਕਰਨੇ ਚਾਹੀਦੇ ਹਨ। ਹਾਲੇ ਤੇ ਕੰਡੇ ਹੋ ਨਾ। ਗਾਉਂਦੇ ਰਹਿੰਦੇ ਹਨ ਮੈਂ ਨਿਰਗੁਣ ਹਾਰੇ ਵਿੱਚ ਕੋਈ ਗੁਣ ਨਹੀਂ। ਬਾਕੀ 5 ਵਿਕਾਰਾਂ ਦੇ ਅਵਗੁਣ ਹਨ, ਰਾਵਣ ਰਾਜ ਹੈ। ਹੁਣ ਤੁਹਾਨੂੰ ਕਿੰਨੀ ਨਾਲੇਜ ਮਿਲਦੀ ਹੈ। ਉਹ ਨਾਲੇਜ ਇੰਨੀ ਖੁਸ਼ੀ ਨਹੀਂ ਦਿੰਦੀ ਹੈ, ਜਿੰਨੀ ਇਹ। ਤੁਸੀਂ ਜਾਣਦੇ ਹੋ ਅਸੀਂ ਆਤਮਾਵਾਂ ਉਪਰ ਮੂਲਵਤਨ ਵਿੱਚ ਰਹਿਣ ਵਾਲੀਆਂ ਹਾਂ। ਸੁਖਸ਼ਮਵਤਨ ਵਿੱਚ ਬ੍ਰਹਮਾ - ਵਿਸ਼ਨੂੰ - ਸ਼ੰਕਰ, ਉਹ ਵੀ ਸਿਰ੍ਫ ਸ਼ਾਖਸ਼ਤਕਾਰ ਹੁੰਦਾ ਹੈ। ਬ੍ਰਹਮਾ ਵੀ ਇੱਥੇ, ਲਕਸ਼ਮੀ - ਨਾਰਾਇਣ ਵੀ ਇੱਥੇ ਦੇ ਹਨ। ਇਹ ਸਿਰ੍ਫ ਸ਼ਾਖਸ਼ਤਕਾਰ ਹੁੰਦਾ ਹੈ ਵਿਅਕਤ ਬ੍ਰਹਮਾ ਸੋ ਫਿਰ ਸੁਖਸ਼ਮਵਤਨਵਾਸੀ ਬ੍ਰਹਮਾ ਫਰਿਸ਼ਤਾ ਕਿਵੇਂ ਬਣ ਜਾਂਦੇ ਹਨ, ਉਹ ਨਿਸ਼ਾਨੀ ਹੈ। ਬਾਕੀ ਹੈ ਕੁਝ ਨਹੀਂ। ਹੁਣ ਤੁਸੀਂ ਬੱਚੇ ਸਭ ਗੱਲਾਂ ਸਮਝਦੇ ਜਾਂਦੇ ਹੋ, ਧਾਰਨਾ ਕਰਦੇ ਜਾਂਦੇ ਹੋ। ਨਵੀਂ ਗੱਲ ਨਹੀਂ ਹੈ। ਤੁਸੀਂ ਕਈ ਵਾਰੀ ਦੇਵਤਾ ਬਣੇ ਹੋ, ਡੀ . ਟੀ. ਰਾਜ ਸੀ ਨਾ। ਇਹ ਚੱਕਰ ਫਿਰਦਾ ਰਹਿੰਦਾ ਹੈ। ਉਹ ਵਿਨਾਸ਼ੀ ਡਰਾਮਾ ਹੁੰਦਾ ਹੈ, ਇਹ ਹੈ ਅਨਾਦਿ ਅਵਿਨਾਸ਼ੀ ਡਰਾਮਾ। ਇਹ ਤੁਹਾਡੇ ਸਿਵਾਏ ਹੋਰ ਕਿਸੇ ਦੀ ਬੁੱਧੀ ਵਿੱਚ ਨਹੀਂ ਹੈ। ਇਹ ਸਭ ਬਾਪ ਬੈਠ ਸਮਝਾਉਂਦੇ ਹਨ। ਇਵੇਂ ਨਹੀਂ ਕਿ ਪਰੰਪਰਾ ਤੋਂ ਚਲਿਆ ਆਇਆ ਹੈ। ਬਾਪ ਕਹਿੰਦੇ ਹਨ ਇਹ ਗਿਆਨ ਹੁਣ ਹੀ ਤੁਹਾਨੂੰ ਸੁਣਾਉਂਦਾ ਹਾਂ। ਫਿਰ ਇਹ ਪ੍ਰਾਇ ਲੋਪ ਹੋ ਜਾਂਦਾ ਹੈ। ਤੁਸੀਂ ਰਾਜਾਈ ਪਦਵੀ ਪ੍ਰਾਪਤ ਕਰ ਲੈਂਦੇ ਹੋ ਫਿਰ ਸਤਿਯੁਗ ਵਿੱਚ ਇਹ ਨਾਲੇਜ਼ ਹੁੰਦੀ ਨਹੀਂ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਦਾ ਸਮ੍ਰਿਤੀ ਰਹੇ ਕਿ ਅਸੀਂ ਹੁਣ ਬ੍ਰਾਹਮਣ ਹਾਂ ਇਸਲਈ ਵਿਕਾਰਾਂ ਤੋਂ ਬਹੁਤ ਦੂਰ - ਦੂਰ ਰਹਿਣਾ ਹੈ। ਕਦੇ ਵੀ ਕ੍ਰਿਮੀਨਲ ਅਸਾਲਟ ਨਾ ਹੋਵੇ। ਬਾਪ ਨਾਲ ਬਹੁਤ - ਬਹੁਤ ਆਨੇਸਟ, ਵਫ਼ਾਦਾਰ ਰਹਿਣਾ ਹੈ।

2. ਡਬਲ ਸਿਰਤਾਜ ਦੇਵਤਾ ਬਣਨ ਦੇ ਲਈ ਬਹੁਤ ਮਿੱਠਾ ਬਣਨਾ ਹੈ, ਲਾਈਨ ਕਲੀਅਰ ਰੱਖਣੀ ਹੈ। ਰਾਜਯੋਗ ਦੀ ਤੱਪਸਿਆ ਕਰਨੀ ਹੈ।

ਵਰਦਾਨ:- ਸਦਾ ਬੇਹੱਦ ਦੀ ਸਥਿਤੀ ਵਿੱਚ ਸਥਿਤ ਰਹਿਣ ਵਾਲੇ ਬੰਧਨਮੁਕਤ, ਜੀਵਨਮੁਕਤ ਭਵ

ਦੇਹ - ਅਭਿਮਾਨ ਹੱਦ ਦੀ ਸਥਿਤੀ ਹੈ ਅਤੇ ਦੇਹੀ ਅਭਿਮਾਨੀ ਬਣਨਾ - ਇਹ ਹੈ ਬੇਹੱਦ ਦੀ ਸਥਿਤੀ। ਦੇਹ ਵਿੱਚ ਆਉਣ ਨਾਲ ਅਨੇਕ ਕਰਮ ਦੇ ਬੰਧਨਾਂ ਵਿੱਚ, ਹੱਦ ਵਿੱਚ ਆਉਣਾ ਪੈਂਦਾ ਹੈ ਪਰ ਜਦੋਂ ਦੇਹੀ ਬਣ ਜਾਂਦੇ ਹੋ ਤਾਂ ਇਹ ਸਭ ਬੰਧਨ ਖ਼ਤਮ ਹੋ ਜਾਂਦੇ ਹਨ। ਜਿਵੇਂ ਕਿਹਾ ਜਾਂਦਾ ਹੈ ਬੰਧਨਮੁਕਤ ਹੀ ਜੀਵਨਮੁਕਤ ਹੈ, ਇਵੇਂ ਹੀ ਜੋ ਬੇਹੱਦ ਦੀ ਸਥਿਤੀ ਵਿੱਚ ਸਥਿਤ ਰਹਿੰਦੇ ਹਨ ਉਹ ਦੁਨੀਆਂ ਦੇ ਅਨੁਸਾਰ ਵਾਯੂਮੰਡਲ ਵਾਈਬ੍ਰੇਸ਼ਨ, ਤਮੋਗੁਣੀ ਵ੍ਰਿਤੀਆਂ, ਮਾਇਆ ਦੇ ਵਾਰ ਇਹਨਾਂ ਸਭਤੋਂ ਮੁਕਤ ਹੋ ਜਾਂਦੇ ਹਨ ਇਸਨੂੰ ਹੀ ਕਿਹਾ ਜਾਂਦਾ ਹੈ ਜੀਵਨਮੁਕਤ ਸਥਿਤੀ, ਜਿਸਦਾ ਅਨੁਭਵ ਸੰਗਮਯੁਗ ਤੇ ਹੀ ਕਰਨਾ ਹੈ।

ਸਲੋਗਨ:- ਨਿਸ਼ਚੇਬੁੱਧੀ ਦੀ ਨਿਸ਼ਾਨੀ ਵਿਜੇਈ ਅਤੇ ਨਿਸ਼ਚਿੰਤ, ਉਹਨਾਂ ਦੇ ਕੋਲ ਵਿਅਰਥ ਆ ਨਹੀਂ ਸਕਦਾ।

******

ਅਵਿੱਕਤ ਇਸ਼ਾਰੇ:- ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ

ਕਰਮਾ ਦੀ ਗੁਹੇ ਗਤੀ ਨੂੰ ਜਾਣਕੇ ਮਤਲਬ ਤ੍ਰਿਕਲਦਰਸ਼ੀ ਬਣਕੇ ਹਰ ਕਰਮ ਕਰੋ ਉਦੋਂ ਹੀ ਕਰਮਾਤੀਤ ਬਣ ਸਕੋਂਗੇ। ਜੇਕਰ ਛੋਟੀ -ਛੋਟੀ ਗਲਤੀਆਂ ਸੰਕਲਪ ਰੂਪ ਵਿੱਚ ਵੀ ਹੋ ਜਾਂਦੀ ਹੈ ਤਾਂ ਉਸਦਾ ਵੀ ਹਿਸਾਬ -ਕਿਤਾਬ ਬਹੁਤ ਕੜਾ ਬਣਦਾ ਹੈ ਇਸਲਈ ਛੋਟੀ ਗਲਤੀ ਵੀ ਵੱਡੀ ਸਮਝਣੀ ਹੈ ਕਿਉਂਕਿ ਹੁਣ ਸੰਪੂਰਨ ਸ਼ਥਿਤੀ ਦੇ ਸਮੀਪ ਆ ਰਹੇ ਹੋ।